بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 17.04.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰ ਦੇ ਸਹਾਬੀ ਹਜ਼ਰਤ ਮਆਜ਼ ਬਿਨ ਹਾਰਸ ਰਜ਼ੀ ਅਲੱਾਹ ਅਨਹੁ ਦੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 17 ਅਪ੍ਰੈਲ 2020 ਈ. ਨੂੰ ਮਸਜਿਦ ਮੁਬਾਰਕ, ਇਸਲਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَا إِلَهَ إِلَّا اللهُ وَحۡدَهُ لَا شَرِيكَ لَهُ وَأَشۡهَدُ أَنَّ مُحَمَّدًا عَبۡدُهُ وَرَسُولُهُ امّا بعد فاعوذ بالله من الشيطٰن الرجيم ۔ بِسۡمِ اللهِ الرَّحۡمَنِ الرَّحِيمِ ۔ اَلۡحَمۡدُ لِلّٰهِ رَبِّ الۡعَالَمِينَ ۔ الرَّحۡمَنِ الرَّحِيمِ ۔ مَالِكِ يَوۡمِ الدِّينِ ۔ إِيَّاكَ نَعۡبُدُ وَإِيَّاكَ نَسۡتَعِينُ ۔ اِهۡدِنَا الصِّرَاطَ الۡمُسۡتَقِيمَ ۔ صِرَاطَ الَّذِينَ أَنۡعَمۡتَ عَلَيۡهِمۡ غَيۡرِ الۡمَغۡضُوبِ عَلَيۡهِمۡ وَلَا الضَّآلِّينَ ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਬਦਰੀ ਸਹਾਬਾ ਵਿੱਚੋਂ ਹਜ਼ਰਤ ਮਆਜ਼ ਬਿਨ ਹਾਰਸ ਦਾ ਜ਼ਿਕਰ ਕਰਾਂਗਾ । ਆਪ ਦੇ ਪਿਤਾ ਦਾ ਨਾਂ ਹਾਰਸ ਬਿਨ ਰਫ਼ਾਅਹ ਅਤੇ ਮਾਤਾ ਦਾ ਨਾਂ ਅਫ਼ਰਾਅ ਬਿੰਤ ਉਬੈਦ ਸੀ । ਹਜ਼ਰਤ ਮਆਜ਼ ਅਤੇ ਇਹਨਾ ਦੇ ਦੋ ਭਰਾ ਹਜ਼ਰਤ ਔਫ਼ ਅਤੇ ਹਜ਼ਰਤ ਮਊਜ਼ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ । ਹਜ਼ਰਤ ਔਫ਼ ਅਤੇ ਹਜ਼ਰਤ ਮਊਜ਼ ਦੋਵੇਂ ਬਦਰ ਦੀ ਜੰਗ ਵਿੱਚ ਸ਼ਹੀਦ ਹੋਏ ਪਰ ਹਜ਼ਰਤ ਮਆਜ਼ ਬਾਦ ਦੀਆਂ ਸਾਰੀਆਂ ਜੰਗਾ ਵਿੱਚ ਵੀ ਰਸੂਲੁਲੱਾਹ ਸਲਲੱਹੁ ਅਲਹਿ ਵਸਲਮ ਦੇ ਨਾਲ ਸ਼ਾਮਲ ਰਹੇ । ਹਜ਼ਰਤ ਮਆਜ਼ ਉਹਨਾ ਅੱਠ ਅੰਸਾਰਾਂ ਵਿੱਚ ਸ਼ਾਮਲ ਹਨ ਜੋ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ'ਤੇ ਬੈਅਤੇ ਅਕਬਾ ਊਲਾ ਦੇ ਮੋਕੇ'ਤੇ ਮੱਕੇ ਵਿੱਚ ਇਮਾਨ ਲਿਆਏ । ਬੈਅਤੇ ਅਕਬਾ ਸਾਨੀਆ ਵਿੱਚ ਵੀ ਹਜ਼ਰਤ ਮਆਜ਼ ਹਾਜ਼ਰ ਸਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸਾਲਿਹ ਬਿਨ ਇਬਰਾਹੀਮ ਅਪਣੇ ਦਾਦਾ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਰਜ਼ੀ ਅਲੱਾਹ ਅਨਹੁ ਤੋਂ ਰਿਵਾਇਤ ਕਰਦੇ ਹਨ ਕਿ ਕਿ ਉਹਨਾਂ ਨੇ ਦੱਸਿਆ ਕਿ ਮੈਂ ਬਦਰ ਦੀ ਲੜਈ ਵਿੱਚ ਪੰਕਤੀ ਵਿੱਚ ਖੜਾ ਸੀ ਕਿ ਮੈਂ ਆਪਣੇ ਸੱਜੇ ਖੱਬੇ ਨਜ਼ਰ ਮਾਰੀ ਤਾਂ ਕੀ ਦੇਖਦਾ ਹਾਂ ਕਿ ਦੋ ਅੰਸਾਰ ਲੜਕੇ ਹਨ ਉਹਨਾਂ

ਦੀ ਉਮਰਾਂ ਛੋਟੀਆਂ ਹਨ । ਮੈਂ ਉਮੰਗ ਕੀਤੀ ਕਿ ਕਾਸ਼ ਮੈਂ ਅਜਿਹੇ ਲੋਕਾਂ ਵਿੱਚ ਹੁੰਦਾ ਜੋ ਇਹਨਾਂ ਤੋਂ ਬਹੁਤੇ ਜਵਾਨ ਤੇ ਪਹਿਲਵਾਨ ਹੁੰਦੇ । ਐਨ੍ਹੇ ਵਿੱਚ ਉਹਨਾ ਵਿੱਚੋਂ ਇਕ ਨੇ ਮੈਂਨੂੰ ਹੱਥ ਨਾਲ ਦਬੱਕੇ ਪੁੱਛਿਆ ਕਿ ਚਾਚਾ ਕੀ ਆਪ ਅਬੂ ਜਿਹਲ ਨੂੰ ਪਛਾਣਦੇ ਹਨ ? ਮੈਂ ਕਿਹਾ ਤੁਹਾਨੂੰ ਇਸ ਨਾਲ ਕੀ ਕੰਮ ? ਉਸਨੇ ਕਿਹਾ ਕਿ ਮੈਂਨੂੰ ਦੱਸਿਆ ਗਿਆ ਹੈ ਕਿ ਉਹ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਗਾਲ੍ਹਾਂ ਕਢੱਦਾ ਹੈ । ਜੇਕਰ ਮੈਂ ਉਸਨੂੰ ਦੇਖ ਲਵਾਂ ਤਾਂ ਮੇਰੀਆਂ ਅਖੱਾਂ ਉਸ ਦੀਆਂ ਅਖੱਾਂ ਤੋਂ ਅੱਡ ਨਹੀਂ ਹੋਣਗੀਆਂ ਜੱਦ ਤੱਕ ਅਸੀਂ ਦੋਹਾਂ ਵਿੱਚੋਂ ਉਹ ਮਰ ਨਾ ਜਾਏ, ਜਿਸ ਦੀ ਮੁਦੱਤ ਪਹਿਲਾਂ ਮੁਕਦੱਰ ਹੈ । ਮੈਂਨੂੰ ਹੈਰਾਨੀ ਹੋਈ । ਫਿਰ ਦੂਜੇ ਨੇ ਮੈਂਨੂੰ ਹੱਥ ਨਾਲ ਦੱਬਿਆਂ ਅਤੇ ਉਸ ਨੇ ਵੀ ਮੈਂਨੂੰ ਇਸੇ ਪ੍ਰਕਾਰ ਪੁੱਛਿਆ । ਹੁਣੇ ਥੋੜ੍ਹਾ ਜਿਹਾ ਸਮਾਂ ਲੰਘਿਆ ਸੀ ਕਿ ਮੈਂ ਅਬੂਜਿਹਲ ਨੂੰ ਲੋਕਾਂ ਦੁਆਲੇ ਚਕੱਰ ਲਾਉਂਦਿਆਂ ਦੇਖਿਆ । ਮੈਂ ਕਿਹਾ ਦੇਖੋ ਇਹ ਹੈ ਉਹ ਵਿਅਕਤੀ ਜਿਸ ਬਾਰੇ ਤੁਸੀਂ ਮੈਂਨੂੰ ਪੁੱਛਿਆ ਸੀ, ਇਹ ਸੁਣਦਿਆਂ ਹੀ ਉਹ ਦੋਵੇਂ ਫੁਰਤੀ ਨਾਲ ਆਪਣੀਆਂ ਤਲਵਾਰਾਂ ਲੈਕੇ ਉਸ'ਤੇ ਹਮਲਾਵਰ ਹੋਏ ਅਤੇ ਉਸਨੂੰ ਐਨ੍ਹਾ ਮਾਰਿਆ ਕਿ ਉਹ ਜਾਨੋਂ ਮਰ ਗਿਆ ਅਤੇ ਫਿਰ ਪਰਤਕੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਕੋਲ ਆਏ ਅਤੇ ਆਪ ਨੂੰ ਖ਼ਬਰ ਦਿੱਤੀ । ਆਪ ਨੇ ਪੁੱਛਿਆ ਤੁਹਾਡੇ ਵਿੱਚੋਂ ਕਿਸਨੇ ਇਸ ਨੂੰ ਮਾਰਿਆ, ਦੋਹਾਂ ਨੇ ਕਿਹਾ ਮੈਂ ਉਸਨੂੰ ਮਾਰਿਆ ਹੈ । ਆਪਨੇ ਪੁੱਛਿਆ ਕੀ ਤੁਸੀਂ ਆਪਣੀਆਂ ਤਲਵਾਰਾਂ ਪੂੰਝਕੇ ਸਾਫ਼ ਕਰ ਲਈਆਂ ਹਨ ? ਉਹਨਾਂ ਨੇ ਕਿਹਾ ਨਹੀਂ । ਆਪ ਨੇ ਤਲਵਾਰਾਂ ਨੂੰ ਦੇਖਿਆ ਤੇ ਫ਼ਰਮਾਇਆ ਤੁਸੀਂ ਦੋਹਾਂ ਨੇ ਉਸਨੂੰ ਮਾਰਿਆ ਹੈ ।

ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਰਜ਼ੀ ਅਲੱਾਹ ਅਨਹੁ ਇਸ ਘਟਨਾ ਬਾਰੇ ਫ਼ਰਮਾਉਂਦੇ ਹਨ ਕਿ ਅਬੂ ਜਿਹਲ ਜਿਸਦੇ ਜਨਮ'ਤੇ ਕਈ ਹਫ਼ਤਿਆਂ ਤੱਕ ਊਠ ਜ਼ਿਬਾਹ ਕਰਕੇ ਲੋਕਾਂ ਵਿੱਚ ਮਾਸ ਵੰਡਿਆ ਗਿਆ ਸੀ, ਜਿਸ ਦੇ ਜਨਮ'ਤੇ ਢੋਲਾਂ ਤੇ ਡਫ਼ਲੀਆਂ ਦੀ ਧੁਨ ਨਾਲ ਸਾਰੇ ਮੱਕੇ ਦਾ ਵਾਤਾਵਰਣ  ਗੂੰਜ ਉਠਿਆ ਸੀ । ਬਦਰ ਦੀ ਲੜਾਈ ਵਿੱਚ ਜੱਦ ਮਾਰਿਆ ਜਾਂਦਾ ਹੈ ਤਾਂ ਪੰਦਰਾ ਪੰਦਰਾ ਵਰ੍ਹਿਆਂ ਦੇ ਦੋ ਅੰਸਾਰੀ ਛੋਕਰੇ ਸਨ, ਜਿੰਨ੍ਹਾ ਨੇ ਉਸਨੂੰ ਜ਼ਖ਼ਮੀ ਕੀਤਾ ਸੀ । ਹਜ਼ਰਤ ਅਬਦੁਲੱਾਹ ਬਿਨ ਮਸਊਦ ਫ਼ਰਮਾਉਂਦੇ ਹਨ ਕਿ ਜੱਦ ਜੰਗ ਦੇ ਬਾਦ ਲੋਕ ਪਰਤ ਰਹੇ ਸਨ ਤਾਂ ਮੈਂ ਮੈਦਾਨ ਵਿੱਚ ਜ਼ਖ਼ਮੀਆਂ ਨੂੰ ਦੇਖਣ ਲਈ ਚਲਾ ਗਿਆ । ਮੈਂ ਰਣਖੇਤਰ ਵਿੱਚ ਫਿਰ ਹੀ ਰਿਹਾ ਸੀ ਕਿ ਕੀ ਦੇਖਦਾ ਹਾਂ ਕਿ ਅਬੂਜਿਹਲ ਜ਼ਖ਼ਮੀ ਪਿਆ ਕਰਾਹ ਰਿਹਾ ਹੈ । ਜੱਦ ਮੈਂ ਉਸ ਕੋਲ ਪਹੁੰਚਿਆ ਤਾਂ ਉਸਨੇ ਮੈਂਨੂੰ ਸੰਬੋਧਨ ਕਰਕੇ ਕਿਹਾ ਕਿ ਮੈਂ ਹੁਣ ਬਚਦਾ ਦਿਖਾਈ ਨਹੀਂ ਦਿੰਦਾ, ਤੁਸੀਂ ਵੀ ਮੱਕੇ ਵਾਲੇ ਹੋ, ਮੈਂ ਇਹ ਇਛੱਾ ਕਰਦਾ ਹਾਂ ਕਿ ਤੁਸੀਂ ਮੈਂਨੂੰ ਮਾਰ ਦਿਓ ਤਾਂ ਜੋ ਮੇਰਾ ਕਸ਼ਟ ਦੂਰ ਹੋ ਜਾਏ, ਪਰੰਤੂ ਤੁਸੀਂ ਜਾਣਦੇ ਹੋ ਕਿ ਮੈਂ ਅਰਬ ਦਾ ਸਰਦਾਰ ਹਾਂ ਅਤੇ ਅਰਬ ਵਿੱਚ ਰਿਵਾਜ ਇਹ ਹੈ ਕਿ ਸਰਦਾਰਾਂ ਦੀਆਂ ਗਰਦਨਾਂ ਲੰਮੀ ਕਰਕੇ ਕੱਟੀਆਂ ਜਾਂਦੀਆਂ ਹਨ ਅਤੇ ਇਹ ਕਤਲ ਹੋਣ ਵਾਲੇ ਦੀ ਸਰਦਾਰੀ ਦੀ ਨਿਸ਼ਾਨੀ ਹੁੰਦੀ ਹੈ । ਮੇਰੀ ਇਹ ਇਛੱਾ ਹੈ ਕਿ ਤੁਸੀਂ ਮੇਰੀ ਗਰਦਨ ਲੰਮੀ ਕਰਕੇ ਕਟੱਣਾ । ਹਜ਼ਰਤ ਅਬਦੁਲੱਾਹ ਬਿਨ ਮਸਊਦ ਫ਼ਰਮਾਉਂਦੇ ਹਨ ਕਿ ਮੈਂ ਉਸਦੀ ਗਰਦਨ ਥੋਡੀ ਨੇੜਿਓਂ ਕੱਟੀ ਅਤੇ ਕਿਹਾ ਤੇਰੀ ਇਹ ਅੰਤਮ ਇਛੱਾ ਵੀ ਪੂਰੀ ਨਹੀਂ ਕੀਤੀ ਜਾਏਗੀ । ਹੁਣ ਅੰਜਾਮ ਦੇ ਪੱਖੋਂ ਦੇਖੋ ਤਾਂ ਅਬੂਜਿਹਲ ਦੀ ਮੌਤ ਕਿੰਨ੍ਹੀ ਜ਼ਿਲੱਤ ਵਾਲੀ ਮੌਤ ਸੀ ਜਿਸ ਦੀ ਗਰਦਨ ਆਪਣੇ ਜੀਵਨ ਵਿੱਚ ਹਮੇਸ਼ਾ ਉਚੀ ਰਿਹਾ ਕਰਦੀ ਸੀ ਮੌਤ ਸਮੇਂ ਉਸਦੀ ਗਰਦਨ ਠੋਡੀ ਤੋਂ ਕੱਟੀ ਗਈ ਅਤੇ ਉਸ ਦੀ ਇਹ ਅੰਤਮ ਹਸਰਤ ਵੀ ਪੂਰੀ ਨ ਹੋਈ ।

ਇਕ ਕਥਨ ਅਨੁਸਾਰ ਹਜ਼ਰਤ ਮਆਜ਼ ਰਜ਼ੀ ਅਲੱਾਹ ਅਨਹੁ ਬਦਰ ਦੀ ਜੰਗ ਵਿੱਚ ਜ਼ਖਮੀ ਹੋਏ ਅਤੇ ਮਦੀਨਿ ਵਾਪਸ ਆਉਣ ਦੇ ਬਾਦ ਜ਼ਖ਼ਮਾ ਦੇ ਕਾਰਣ ਉਹਨਾ ਦਾ ਦੇਹਾਂਤ ਹੋਇਆ । ਇਕ ਕਥਨ ਅਨੁਸਾਰ ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਦੇ ਖ਼ਿਲਾਫ਼ਤ ਕਾਲ ਤੱਕ ਜੀਉਂਦੇ ਰਹੇ । ਇਕ ਕਥਨ ਅਨੁਸਾਰ ਉਹ ਹਜ਼ਰਤ ਅਲੀ ਰਜ਼ੀ ਅਲੱਾਹ

ਅਨਹੁ ਦੇ ਖ਼ਿਲਾਫ਼ਤ ਕਾਲ ਤੱਕ ਜੀਉਂਦੇ ਰਹੇ ਅਤੇ ਉਹਨਾ ਦੀ ਮੌਤ ਸਫ਼ੀਨ ਦੇ ਜੰਗ ਸਮੇਂ ਹੋਈ । ਸਫ਼ੀਨ ਦੀ ਜੰਗ ਛੱਤੀ ਸੈਂਤੀ ਹਿਜਰੀ ਵਿੱਚ ਹੋਈ ਸੀ ਅਤੇ ਹਜ਼ਰਤ ਮਆਜ਼ ਨੇ ਹਜ਼ਰਤ ਅਲੀ ਵੱਲੋਂ ਜੰਗ ਵਿੱਚ ਭਾਗ ਲਿਆ ਸੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਮੈਂ ਮੁਕਰੱਮ ਰਾਣਾ ਨਈਮੁੱਦੀਨ ਸਾਹਬ ਸਪੁਤੱਰ ਮੁਕਰੱਮ ਫ਼ਿਰੋਜ਼ੁੱਦੀਨ ਮੁੰਸ਼ੀ ਸਾਹਬ ਦਾ ਜ਼ਿਕਰ ਕਰਾਂਗਾ ਜਿੰਨ੍ਹਾ ਦੀ 19 ਅਪ੍ਰੈਲ 2020 ਈ. ਨੂੰ ਵਫ਼ਾਤ ਹੋਈ । । ਰਾਣਾ ਸਾਹਬ ਦਾ ਜਨਮ 1934 ਈ. ਦਾ ਹੈ । ਇਹਨਾ ਦੇ ਪਿਤਾ ਮੁਹਤਰਮ ਫ਼ਿਰੋਜ਼ੁੱਦੀਨ ਸਾਹਬ ਨੇ 1906 ਈ. ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਚਿੱਠੀ ਪਤੱਰ ਰਾਹੀਂ ਬੈਅਤ ਕੀਤੀ ਸੀ । ਇਹਨਾ ਦੀ ਸੁਪਤੱਨੀ ਦਾ ਨਾਂ ਸਾਰਾ ਪ੍ਰਵੀਨ ਸੀ ਜੋ ਦੌਲਤ ਖ਼ਾਨ ਸਾਹਬ ਸਹਾਬੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਪੋਤੀ ਸਨ । ਨਵੰਬਰ 1955 ਈ. ਤੋਂ 11 ਮਈ 1959 ਈ. ਤੱਕ ਸੁਰੱਖਿਆ ਦੇ ਅਮਲੇ ਵਿੱਚ ਗਾਰਡ ਦੇ ਰੂਪ ਵਿੱਚ ਰਹੇ । ਜੱਦ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਰਜ਼ੀ ਅਲੱਾਹ ਅਨਹੁ ਤਫ਼ਸੀਰ ਦੇ ਕੰਮ ਬਾਰੇ ਨਖ਼ਲਾਜਾਬਾ ਜਾਇਆ ਕਰਦੇ ਸਨ, ਉੱਥੇ ਸੁਰੱਖਿਆ ਅਤੇ ਜਨਰੇਟਰ ਦੀ ਦੇਖਭਾਲ ਦੀ ਡਿਊਟੀ ਆਪ ਦੇ ਜ਼ਿੱਮੇ ਹੁੰਦੀ ਸੀ ।

1978 ਈ. ਵਿੱਚ ਅਮਲਾ ਸੁਰੱਖਿਆ ਵਿੱਚੋਂ ਫ਼ਾਰਗ਼ ਹੋਏ ਤਾਂ ਹੜਪੱਾ ਜ਼ਿਲਾ ਸਾਹੀਵਾਲ ਚਲੇ ਗਏ ਜਿੱਥੇ ਸਾਹੀਵਾਲ ਮਸਜਿਦ ਵਿੱਚ ਖ਼ਾਦਿਮ ਮਸਜਿਦ ਦੇ ਰੂਪ ਵਿੱਚ ਸੇਵਾ ਕਰਦੇ ਰਹੇ । ਇਸ ਸਮੇਂ ਦੌਰਾਨ ਅਕਤੂਬਰ 1984 ਈ. ਵਿੱਚ ਅਹਮਦੀਆ ਬੈਤੁਜ਼ ਜ਼ਿਕਰ ਸਾਹੀਵਾਲ ਉਪੱਰ ਵਿਰੋਧੀਆਂ ਨੇ ਹਮਲਾ ਕੀਤਾ । ਸੁਰੱਖਿਆ ਦੀ ਡਿਊਟੀ ਕਰਨ ਦੇ ਸਬਬ ਉਹਨਾ ਦੇ ਇਸ ਦਾ ਉਤੱਰ ਦਿਤੱਾ ਤਾਂ ਰਾਣਾ ਨਈਮੁੱਦੀਨ ਸਾਹਬ ਦੇ ਨਾਲ ਕੁਲ ਗਿਆਰ੍ਹਾਂ ਵਿਅਕਤੀਆਂ ਉਪੱਰ ਮੁਕਦੱਮਾ ਦਰਜ ਹੋਇਆ ਅਤੇ ਇਸ ਪ੍ਰਕਾਰ ਰਾਣਾ ਸਾਹਬ ਨੂੰ 26 ਅਕਤੂਬਰ 1984 ਈ. ਤੋਂ ਮਾਰਚ 1994 ਈ. ਤੱਕ ਅਸੀਰਾਨੇ ਰਾਹੇ ਮੌਲਾ ਰਹਿਣ ਦਾ ਸੁਅਵਸਰ ਪ੍ਰਦਾਨ ਹੋਇਆ । ਮਿਲਟਰੀ ਕੋਰਟ ਨੇ ਇਲਯਾਸ ਮੁਨੀਰ ਸਾਹਬ ਮੁਰੱਬੀ ਸਿਲਸਿਲਾ ਅਤੇ ਰਾਣਾ ਨਈਮੁੱਦੀਨ ਸਾਹਬ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ । ਇਸ ਫ਼ੈਸਲੇ ਨੇ ਖ਼ਿਲਾਫ਼ ਅਪੀਲ ਕਰਨ'ਤੇ ਲਾਹੌਰ ਹਾਈ ਕੋਰਟ ਨੇ ਮਾਰਚ 1994 ਈ. ਵਿੱਚ ਰਿਹਾਈ ਦਾ ਹੁਕਮ ਦਿਤੱਾ । ਦੌਰਾਨ ਅਸੀਰੀ (ਕੈਦੀ ਹੋਣ ਦੇ ਸਮੇਂ ਦੌਰਾਨ) ਪੁਲਿਸ ਵੱਲੋਂ ਤਸ਼ਦੱਦ ਕੀਤਾ ਜਾਂਦਾ ਰਿਹਾ ਅਤੇ ਇਹਨਾ ਤੋਂ ਬਿਆਨ ਲੈਣ ਲਈ ਜਤਨ ਕੀਤਾ ਜਾਂਦਾ ਸੀ ਕਿ ਕਿਉਂਕਿ ਤੁਸੀਂ ਆਪਣੇ ਖ਼ਲੀਫ਼ਾ ਸਾਹਬ ਦੇ ਬਾਡੀਗਾਰਡ ਰਹੇ ਹੋ ਇਸ ਲਈ ਉਹਨਾ ਨੇ ਤੁਹਾਨੂੰ ਇਹ ਕੰਮ ਕਰਨ ਲਈ ਭੇਜਿਆ ਹੈ ਕਿ ਇਸ ਪ੍ਰਕਾਰ ਮੁਸਲਮਾਨਾ ਨੂੰ ਮਾਰੋ । ਰਾਣਾ ਨਈਮੁੱਦੀਨ ਸਾਹਬ ਇਸ ਮੁਕਦੱਮੇ ਤੋਂ ਰਿਹਾਈ ਦੇ ਬਾਦ 1994 ਈ. ਵਿੱਚ ਲੰਦਨ ਸ਼ਿਫ਼ਟ ਹੋ ਗਏ ਅਤੇ ਇੱਥੇ ਵੀ ਆਪਣੀ ਉਮਰ ਦੇ ਪੱਖੋਂ ਬਹੁਤ ਵਧੱਕੇ ਸੁਰੱਖਿਆ ਅਮਲੇ ਵਿੱਚ ਆਪਣੀ ਡਿਊਟੀ ਦਿੰਦੇ ਰਹੇ ।

ਮਰਹੂਮ ਨੇ ਆਪਣੇ ਪਿਛੋਕੜ ਵਿੱਚ ਇਕ ਪੁਤੱਰ ਤੇ ਚਾਰ ਪੁਤੱਰੀਆਂ ਯਾਦਗਾਰ ਛੱਡੀਆਂ ਹਨ । ਇਹਨਾ ਦੇ ਪੁਤੱਰ ਰਾਣਾ ਵਸੀਮ ਅਤੇ ਚਾਰੇ ਪੁਤੱਰੀਆਂ ਲੰਦਨ ਵਿੱਚ ਰਹਿੰਦੇ ਹਨ । ਇਹਨਾ ਦੇ ਪੁਤੱਰ ਲਿਖੱਦੇ ਹਨ ਕਿ ਜੱਦ ਮੇਰਾ ਵਕਫ਼ ਕੁਬੂਲ ਹੋਇਆ ਤਾਂ ਮੈਨੂੰ ਇਕ ਦਿਨ ਕਹਿਣ ਲੱਗੇ ਕਿ ਇਹ ਬਹੁਤ ਵੱਡੀ ਜ਼ਿੰਮੇਦਾਰੀ ਹੈ । ਹਮੇਸ਼ਾ ਤੌਬਾ ਇਸਤਗ਼ਫ਼ਾਰ ਕਰਦਿਆਂ ਹੋਇਆ ਆਪਣਾ ਵਕਫ਼ ਨਿਭਾਉਂਣਾ । ਕਦੇ ਕੋਈ ਦੁੱਖ ਵੀ ਦੇਵੇ ਤਾਂ ਚੁੱਪ ਕਰ ਜਾਣਾ ਨ ਕਿ ਬਹਿਸ ਕਰਨਾ ਅਤੇ ਸਾਰੀਆਂ ਗੱਲਾਂ ਰੱਬ'ਤੇ ਛੱਡ ਦੇਣਾ ਅਤੇ ਸਬਰ ਕਰਨਾ ਅਤੇ ਸਬਰ ਦਾ ਪਲੱਾ ਕਦੇ ਵੀ ਹੱਥੋਂ ਨ ਛਡੱਣਾ । ਰੱਬ ਸਬਰ ਕਰਨ ਵਾਲਿਆਂ ਨਾਲ ਹੁੰਦਾ ਹੈ । ਕਹਿੰਦੇ ਹਨ ਕਿ ਰਬਵਾ ਵਿੱਚ ਪਿਤਾ ਜੀ ਨੂੰ ਹਜ਼ਰਤ ਅਮੱਾਂ ਜਾਨ ਦੀ ਦਰਬਾਨੀ ਦਾ ਵੀ ਮੌਕਾ ਮਿਲਿਆ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਕ ਪਤੱਰ ਵਿੱਚ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਨੇ ਰਾਣਾ ਨਈਮ ਅਹਮਦ ਨੂੰ ਲਿੱਖਿਆ ਸੀ ਕਿ ਉਤੱਮ ਇਮਾਨ ਦੀ ਠੋਸ ਚਟੱਾਨ ਉਪੱਰ ਆਪ ਖੜੇ ਹਨ ਅਣਖ ਯੋਗ ਹੈ । ਰੱਬ

ਵਾਲਿਆਂ ਨੂੰ ਉਤੱਮ ਅਸਥਾਨ ਪ੍ਰਾਪਤ ਕਰਨ ਤੋਂ ਪਹਿਲਾਂ ਇਸ ਪ੍ਰਕਾਰ ਦੇ ਔਖੇ ਮਾਰਗਾਂ ਵਿੱਚੋਂ ਲੰਘਣਾ ਹੀ ਪੈਂਦਾ ਹੈ । ਆਪ ਲੋਕਾਂ ਦੀ ਖ਼ੁਸ਼ਨਸੀਬੀ'ਤੇ ਈਰਖਾ ਆਉਂਦੀ ਹੈ । ਰੁੱਖ ਆਪਣੇ ਫਲ ਨਲ ਜਾਣਿਆ ਜਾਂਦਾ ਹੈ । ਆਪ ਲੋਕ ਵੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਰੁੱਖ ਦੀ ਹਰੀਆਂ ਭਰੀਆਂ ਟਾਹਣੀਆਂ ਤੇ ਫਲ ਹਨ । ਰੱਬ ਆਪ ਨੂੰ ਨਸ਼ਟ ਨਹੀਂ ਕਰੇਗਾ । ਰੱਬ ਆਪਣੇ ਫ਼ਰਿਸ਼ਤਿਆਂ ਨਾਲ ਮਦਦ ਕਰੇਗਾ ਅਤੇ ਦੁਸ਼ਮਣ ਦੇ ਪੰਜਿਆਂ ਤੋਂ ਮੁਕਤੀ ਪ੍ਰਦਾਨ ਕਰੇਗਾ, ਅਲੱਾਹ ਆਪ ਦੇ ਨਾਲ ਹੋਵੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਲੱਾਹ ਤਆਲਾ ਅਗਲੇ ਜਹਾਨ ਵਿੱਚ ਵੀ ਇਹਨਾਂ ਨਾਲ ਪਿਆਰ ਤੇ ਪ੍ਰੇਮ ਦਾ ਸੁਲੂਕ ਫ਼ਰਮਾਏ ਅਤੇ ਆਪਣੇ ਪਿਆਰਿਆਂ ਦੇ ਕਦਮਾ ਵਿੱਚ ਅਸਥਾਨਨ ਪ੍ਰਦਾਨ ਕਰੇ । ਮੈਂ ਇਹਨਾ ਨੂੰ ਬਚਪਣ ਤੋਂ ਜਾਣਦਾ ਹਾਂ । ਸਾਡੇ ਨਾਲ ਉਸ ਸਮੇਂ ਵੀ ਬਹੁਤ ਮਿਹਰ ਵਾਲਾ ਸੁਲੂਕ ਹੁੰਦਾ ਸੀ ਅਤੇ ਖ਼ਿਲਾਫ਼ਤ ਦੇ ਬਾਦ ਤਾਂ ਇਸ ਦਾ ਰੰਗ ਹੀ ਹੋਰ ਸੀ ਮੇਰੇ ਨਾਲ । ਰੱਬ ਇਹਨਾ ਦੇ ਬੱਚਿਆਂ ਨੂੰ ਵੀ ਹਮੇਸ਼ਾ ਵਫ਼ਾਦਾਰੀ ਨਾਲ ਆਪਣੇ ਪਿਤਾ ਦੀਆਂ ਪੈੜਾਂ ਉਪੱਰ ਚਲੱਣ ਦਾ ਸੰਜੋਗ ਪ੍ਰਦਾਨ ਕਰੇ । ਇੰਸ਼ਾਅਲੱਾਹ, ਕਿਸੇ ਹੋਰ ਸਮੇਂ ਇਹਨਾ ਦਾ ਜਨਾਜ਼ਾਹ ਗ਼ਾਇਬ ਪੜ੍ਹਾਵਾਂਗਾ ।

ਅਖੀਰ ਵਿੱਚ ਮੈਂ ਫਿਰ ਦੁਬਾਰਾ ਅੱਜ ਕੱਲ ਦੇ ਰੋਗ ਬਾਰੇ ਇਹ ਵੀ ਆਖਣਾ ਚਾਹੁੰਦਾ ਹਾਂ ਕਿ ਆਪਣੇ ਕੁਝ ਅਹਮਦੀ ਰੋਗੀ ਹਨ, ਉਹਨਾ ਲਈ ਵੀ ਦੁਆ ਕਰੋ ਕਿ ਰੱਬ ਉਹਨਾ ਨੂੰ ਕਾਮਲ ਸ਼ਿਫ਼ਾ ਪ੍ਰਦਾਨ ਕਰੇ ਅਤੇ ਸਾਨੂੰ ਵੀ ਆਪਣੀ ਰਜ਼ਾ ਦੇ ਮਾਰਗਾਂ ਉਪੱਰ ਚਲੱਣ ਦਾ ਸੰਜੋਗ ਪ੍ਰਦਾਨ ਕਰੇ । ਸਹੀ ਢੰਗ ਨਾਲ ਸਾਨੂੰ ਇਬਾਦਤ ਕਰਨ ਦਾ ਅਤੇ ਮਖ਼ਲੂਕ ਦੇ ਹੱਕ ਪੂਰੇ ਕਰਨ ਦਾ ਸੰਜੋਗ ਪ੍ਰਦਾਨ ਕਰੇ ਅਤੇ ਛੇਤੀ ਹੀ ਇਹ ਬਲਾ ਸਾਥੋਂ ਦੂਰ ਕਰੇ । ਦੁਨੀਆ ਨੂੰ ਵੀ ਸਮਝ ਤੇ ਅਕਲ ਦੇਵੇ, ਉਹ ਵੀ ਇਕ ਰੱਬ ਨੂੰ ਪਛਾਨਣ ਵਾਲੇ ਬਣਨ, ਰੱਬ ਦੀ ਇਬਾਦਤ ਕਰਨ ਵਾਲੇ ਬਣਨ, ਤੌਹੀਦ (ਇਕ ਈਸ਼ਵਰਵਾਦ) ਨੂੰ ਜਾਨਣ ਵਾਲੇ ਬਣਨ । ਅਲੱਾਹ ਤਆਲਾ ਸਾਰਿਆਂ'ਤੇ ਰਹਿਮ ਫ਼ਰਮਾਏ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا
مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَاَشْھَدُ اَنْ لَّآ اِلٰہَ اِلَّا اللّٰہُ وَحْدَہٗ لَا شَرِیْکَ لَہٗ وَاَشْھَدُ اَنَّ مُحَمَّدًا عَبْدُہٗ
وَرَسُوْلُہٗ، عِبَادَ اللّٰہِ رحمکم اللّٰہ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ
یَعِظُکُمْ لَعَلَّکُمْ تَذَکَّرُوْنَ فَاذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

★★★★★

**Khulasa Khutba Jumma 17.04.2020**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131